


YOUNG STORYTELLERS SERIES

The Naughty Mouse

Told by Susheila Stone
Illustrated by Amanda Welch
Punjabi version by Amarjit Chandan

PUNJABI and ENGLISH

THE NAUGHTY MOUSE

"You look like a prince," said the King.
"In that case," said the mouse, "get off
your throne. That is where I should be."

THE AUTHOR

Susheila Stone was born in Patna, India. She moved to England in 1971 and lives in Manchester with her English husband and two children. She has been a teacher in Manchester primary schools since 1973 and is renowned for her storytelling.

THE ILLUSTRATOR

Amanda Welch is a painter who studied at Chelsea School of Art. She has exhibited in London and has worked as an illustrator since 1982. Married with three young children, she lives in Hackney, North London.

THE NAUGHTY MOUSE

This story like many others that Susheila tells both in Hindi and English originated from her grandmother and is very typical of stories which have been told in India down through the ages. Its humour is broad and it has no particular moral.

STORYTELLERS

The whole series is based on work that has been done in the Reading Materials for Minority Groups Project (1982-1985), housed at Middlesex Polytechnic and funded by the All Saints Educational Trust. There are over 70 titles in all which will be published over the next few years in dual language form.

All the stories originate from countries where they have been handed down from generation to generation by word of mouth.

Published by Jennie Ingham Associates Ltd 1989
64-68 Camden High Street, London NW1 0LT

Punjabi translation by Amarjit Chandan

ISBN 1 85474 081 4 paper bound edition
(previously published by Luzac & Co. Ltd
under ISBN 0 7189 1056 7)
Second revised edition

ISBN 1 85474 086 5 cased edition

Printed in Great Britain by Purnell

The Naughty Mouse

Told by Susheila Stone

Illustrated by Amanda Welch

Punjabi version by Amarjit Chandan

STORYTELLERS

YOUNG STORYTELLERS SERIES






Listen children, there was once a very naughty and cunning mouse. He was always looking for mischief.


ਸੁਣੋ ਬੱਚਿਓ, ਇਕ ਵਾਰੀ ਦੀ ਗੱਲ ਹੈ ਕਿ ਇਕ ਚੂਹਾ ਹੁੰਦਾ ਸੀ। ਸੀ ਉਹ ਬੜਾ ਸ਼ਰਾਰਤੀ ਤੇ ਮੱਕਾਰ। ਉਹਦਾ ਧਿਆਨ ਹਰ ਵੇਲੇ ਸ਼ਰਾਰਤਾਂ ਵੱਲ ਲੱਗਾ ਰਹਿੰਦਾ ਸੀ।





One day he thought to himself, "I'll go into town. I am fed up with staying in my home all day. The monsoons have kept me in too long."

ਇਕ ਦਿਨ ਉਹਨੇ ਸੋਚਿਆ, "ਮੈਂ ਸ਼ਹਿਰ ਜਾਵਾਂਗਾ। ਮੈਂ ਘਰ ਬੈਠਾ-ਬੈਠਾ ਤੰਗ ਆ ਗਿਆ ਹਾਂ। ਮੌਨਸੂਨ ਦੇ ਮੌਸਮ ਨੇ ਮੈਨੂੰ ਕਿੰਨੇ ਚਿਰ ਤੋਂ ਘਰ ਅੰਦਰ ਹੀ ਬੰਦ ਕਰੀ ਰੱਖਿਆ ਹੈ।"



So the naughty mouse got dressed and set out for the town. As he skipped happily along the road, he came across a big shop which sold cloth. The shopkeeper was just going into his shop.

ਸ਼ਰਾਰਤੀ ਚੂਹੇ ਨੇ ਕਪੜੇ ਪਾਏ ਅਤੇ ਸ਼ਹਿਰ ਵਲ ਚਲ ਪਿਆ। ਸੜਕ 'ਤੇ ਖ਼ੁਸ਼ੀ ਨਾਲ ਟਪੂਸੀਆਂ ਮਾਰਦਿਆਂ ਉਹ ਵੱਡੀ ਦੁਕਾਨ ਦੇ ਸਾਹਮਣੇ ਆ ਗਿਆ। ਇਥੇ ਕਪੜਾ ਵਿਕਦਾ ਸੀ। ਦੁਕਾਨਦਾਰ ਹਾਲੇ ਦੁਕਾਨ ਦੇ ਅੰਦਰ ਵੜਿਆ ਹੀ ਸੀ।



Naughty Mouse crept quietly behind him. The shopkeeper didn't know he was there. As he sat down, he saw the mouse in front of him. "Run away," said the man. "What are you doing in my shop?"







ਸ਼ਰਾਰਤੀ ਚੂਹਾ ਵੀ ਉਸ ਦੇ ਪਿੱਛੇ ਹੌਲੀ ਜਿਹੀ ਜਾ ਵੜਿਆ। ਦੁਕਾਨਦਾਰ ਨੂੰ ਇਹਦਾ ਪਤਾ ਨਾ ਲੱਗਾ। ਜਿਉਂ ਹੀ ਦੁਕਾਨਦਾਰ ਬੈਠਾ, ਉਸਨੇ ਆਪਣੇ ਸਾਹਮਣੇ ਚੂਹਾ ਵੇਖਿਆ। "ਦੌੜ ਜਾ," ਦੁਕਾਨਦਾਰ ਨੇ ਆਖਿਆ, "ਤੂੰ ਮੇਰੀ ਦੁਕਾਨ 'ਚ ਕੀ ਕਰ ਰਿਹਾ ਏਂ?"



"I've come to buy some cloth for my cap," said the mouse.

"Ha, ha," laughed the man. "Run away. I don't sell anything to mice."

"Are you going to serve me or not?" asked the mouse angrily.



"Go away, don't waste my time," said the man.

The mouse screamed, "Are you going to serve me or not?"

"No," replied the shopkeeper firmly.

Naughty Mouse sang:

"I'll come in the night
With my soldiers as well
We'll chew up your cloth
Till you've nothing to sell."



"Please don't," pleaded the shopkeeper. "I'll give you a piece of silk." And he kept his promise.

"ਮੈਂ ਆਪਣੀ ਟੋਪੀ ਲਈ ਕਪੜਾ ਖ਼ਰੀਦਣ ਆਇਆ ਹਾਂ।" ਚੂਹੇ ਨੇ ਕਿਹਾ।



"ਹਾ ਹਾ," ਦੁਕਾਨਦਾਰ ਹੱਸਿਆ, "ਦੌੜ ਜਾ, ਮੈਂ ਚੂਹਿਆਂ ਨੂੰ ਕੋਈ ਚੀਜ਼ ਨਹੀਂ ਵੇਚਦਾ।"

"ਤੂੰ ਮੈਨੂੰ ਕਪੜਾ ਦੇਵੇਂਗਾ ਕਿ ਨਹੀਂ?" ਚੂਹੇ ਨੇ ਗ਼ੁਸੇ ਨਾਲ ਪੁੱਛਿਆ।

"ਚਲਾ ਜਾ, ਮੇਰਾ ਵਕਤ ਖ਼ਰਾਬ ਨਾ ਕਰ," ਦੁਕਾਨਦਾਰ ਨੇ ਆਖਿਆ।




"ਕੀ ਤੂੰ ਮੈਨੂੰ ਕਪੜਾ ਦੇਵੇਂਗਾ ਕਿ ਨਹੀਂ?" ਚੂਹੇ ਨੇ ਚੀਕ ਕੇ ਕਿਹਾ।

"ਨਹੀਂ," ਦੁਕਾਨਦਾਰ ਨੇ ਸਾਫ਼ ਜਵਾਬ ਦੇ ਦਿੱਤਾ।

ਸ਼ਰਾਰਤੀ ਚੂਹਾ ਗਾਉਣ ਲੱਗ ਪਿਆ:

"ਰਾਤ ਨੂੰ ਮੈਂ ਆਵਾਂਗਾ।
ਸਿਪਾਹੀ ਵੀ ਨਾਲ ਲਿਆਵਾਂਗਾ।
ਤੇਰੇ ਸਾਰੇ ਕਪੜੇ ਕੁਤਰਾਂਗੇ।
ਤੇਰੇ ਵੇਚਣ ਲਈ ਕੁਝ ਨਹੀਂ
ਰਹਿ ਜਾਵੇਗਾ।"



"ਇੰਜ ਨਾ ਕਰੀਂ," ਦੁਕਾਨਦਾਰ ਨੇ ਤਰਲਾ ਕੀਤਾ। "ਮੈਂ ਤੈਨੂੰ ਰੇਸ਼ਮੀ ਕਪੜਾ ਦਿਆਂਗਾ।" ਦੁਕਾਨਦਾਰ ਨੇ ਚੂਹੇ ਨੂੰ ਕਪੜਾ ਦੇ ਦਿੱਤਾ।



Naughty Mouse laughed heartily as he skipped out with his gift. Then he came to a tailor's shop. Naughty Mouse went in.

"Master Tailor, I would like you to do something for me."

"Do what?" asked the tailor angrily.

The mouse gave the tailor the piece of silk and said, "Please make me a beautiful cap."

ਸ਼ਰਾਰਤੀ ਚੂਹਾ ਦਿਲ ਖੋਲ੍ਹ ਕੇ ਹੱਸਿਆ ਅਤੇ ਆਪਣਾ ਤੋਹਫ਼ਾ ਲੈ ਕੇ ਟਪੂਸੀਆਂ ਮਾਰਦਾ ਬਾਹਰ ਚਲਾ ਗਿਆ। ਫਿਰ ਉਹ ਦਰਜ਼ੀ ਦੀ ਦੁਕਾਨ 'ਤੇ ਆਇਆ। ਚੂਹਾ ਅੰਦਰ ਵੜਿਆ।

"ਉਸਤਾਦ ਦਰਜ਼ੀ, ਮੇਰਾ ਇਕ ਕੰਮ ਕਰੋ," ਚੂਹੇ ਨੇ ਕਿਹਾ।

"ਕੀ ਕਰਾਂ?" ਦਰਜ਼ੀ ਨੇ ਗ਼ੁੱਸੇ ਨਾਲ ਪੁੱਛਿਆ।

ਚੂਹੇ ਨੇ ਦਰਜ਼ੀ ਨੂੰ ਰੇਸ਼ਮੀ ਕਪੜੇ ਦਾ ਟੋਟਾ ਦੇਂਦਿਆਂ ਕਿਹਾ, "ਇਹਦੀ ਮੈਨੂੰ ਸੁਹਣੀ-ਜਿਹੀ ਟੋਪੀ ਬਣਾ ਦਿਓ।"


SINGER
SINGER

The tailor laughed. "Run away," he said. "Don't waste my time. I can't spare a moment for you."

The mouse began to lose his temper.


"Are you going to make me a cap or not?" he shouted.

"I won't, I won't, I won't!" said the tailor.

"Alright," said the mouse, and he sang:

"I'll come in the night
With my soldiers as well
We'll chew up your clothes
Till you've nothing to sell."

"Please don't. Please don't," pleaded the tailor. "I will make you a cap."



ਦਰਜ਼ੀ ਹੱਸਿਆ। "ਦੌੜ ਜਾ," ਉਹਨੇ ਕਿਹਾ। "ਮੇਰਾ ਵਕਤ ਖ਼ਰਾਬ ਨਾ ਕਰ, ਮੇਰੇ ਕੋਲ ਤੇਰੇ ਲਈ ਕੋਈ ਵਾਧੂ ਸਮਾਂ ਨਹੀਂ ਹੈ।"

ਇਹ ਸੁਣ ਕੇ ਚੂਹੇ ਨੂੰ ਬੜਾ ਗ਼ੁੱਸਾ ਚੜ੍ਹਿਆ।


"ਤੂੰ ਮੇਰੇ ਲਈ ਟੋਪੀ ਬਣਾਏਂਗਾ ਜਾਂ ਨਹੀਂ?" ਉਸਨੇ ਚਿੱਲਾ ਕੇ ਕਿਹਾ।

"ਨਹੀਂ, ਨਹੀਂ, ਨਹੀਂ!" ਦਰਜ਼ੀ ਨੇ ਕਿਹਾ।

"ਬਹੁਤ ਅੱਛਾ," ਚੂਹੇ ਨੇ ਕਿਹਾ ਅਤੇ ਗਾਉਣਾ ਸ਼ੁਰੂ ਕਰ ਦਿਤਾ:

"ਰਾਤ ਨੂੰ ਆਵਾਂਗਾ।
ਸਿਪਾਹੀ ਵੀ ਨਾਲ ਲਿਆਵਾਂਗਾ।
ਤੇਰੇ ਸਾਰੇ ਕਪੜੇ ਕੁਤਰਾਂਗਾ।
ਤੇਰੇ ਵੇਚਣ ਲਈ ਕੁਝ ਨਹੀਂ ਰਹਿ ਜਾਵੇਗਾ।"

"ਇੰਜ ਨਾ ਕਰੀਂ," ਦਰਜ਼ੀ ਨੇ ਤਰਲੇ ਨਾਲ ਕਿਹਾ। "ਮੈਂ ਤੇਰੇ ਲਈ ਟੋਪੀ ਬਣਾ ਦਿਆਂਗਾ।"





And he sat down and made a beautiful silken cap for the mouse. Naughty Mouse tried it on. He looked at himself in the mirror. “This is a plain cap. I shall have silver sequins sewn on it.”

ਦਰਜ਼ੀ ਬੈਠ ਗਿਆ ਅਤੇ ਉਹਨੇ ਚੂਹੇ ਲਈ ਸੁੰਦਰ ਰੇਸ਼ਮੀ ਟੋਪੀ ਬਣਾ ਦਿੱਤੀ।
ਸ਼ਰਾਰਤੀ ਚੂਹੇ ਨੇ ਪਾ ਕੇ ਵੇਖੀ। ਉਹਨੇ ਸ਼ੀਸ਼ਾ ਦੇਖਿਆ।
''ਇਹ ਤਾਂ ਸਾਦੀ-ਜਿਹੀ ਟੋਪੀ ਹੈ। ਮੈਂ ਇਹਦੇ 'ਤੇ ਸਿਲਮੇ-ਸਤਾਰੇ ਲੁਆਵਾਂਗਾ।''



So saying he skipped merrily out of the shop. As he walked down the road proudly, he saw a small shop which sold gold and silver sequins. He went in and began hopping about.

"Run away," said the shopkeeper. "What are you up to?"

"I've come to buy gold and silver sequins for my silk cap."

"Run away," shouted the man. "Don't fool around here.
What does a mouse want with sequins?"


ਇਹ ਕਹਿ ਕੇ ਉਹ ਦੁਕਾਨ ਤੋਂ ਟਪੂਸੀ ਮਾਰ ਕੇ ਖ਼ੁਸ਼ੀ-ਖ਼ੁਸ਼ੀ ਬਾਹਰ ਆ ਗਿਆ। ਜਦੋਂ ਉਹ ਸੜਕ 'ਤੇ ਆਕੜ ਕੇ ਤੁਰਿਆ ਜਾਂਦਾ ਸੀ, ਉਸਨੇ ਸੋਨੇ ਚਾਂਦੀ ਦੇ ਸਿਤਾਰੇ ਵੇਚਣ ਵਾਲੀ ਛੋਟੀ ਜਿਹੀ ਦੁਕਾਨ ਵੇਖੀ। ਉਹ ਅੰਦਰ ਚਲਾ ਗਿਆ ਅਤੇ ਟੱਪਣ ਲੱਗਾ।

"ਦੌੜ ਜਾ," ਦੁਕਾਨਦਾਰ ਨੇ ਆਖਿਆ। "ਤੂੰ ਏਥੇ ਕੀ ਕਰਦਾ ਹੈਂ?"

"ਮੈਂ ਆਪਣੀ ਰੇਸ਼ਮੀ ਟੋਪੀ ਲਈ ਸੋਨੇ ਚਾਂਦੀ ਦੇ ਸਿਤਾਰੇ ਖ਼ਰੀਦਣ ਆਇਆ ਹਾਂ।"

"ਦੌੜ ਜਾ," ਦੁਕਾਨਦਾਰ ਨੇ ਗਰਜ ਕੇ ਕਿਹਾ। 'ਇਥੇ ਖੱਪ ਨਾ ਪਾ। ਚੂਹੇ ਨੇ ਸੋਨੇ ਚਾਂਦੀ ਦੇ ਸਿਤਾਰਿਆਂ ਨੂੰ ਕੀ ਕਰਨਾ ਹੈ?"





“Are you going to sell me your sequins or not?”

“No, no, no!” shouted the man. “I am not going to let you have them.”

‘‘ਤੂੰ ਮੈਨੂੰ ਸੋਨੇ ਚਾਂਦੀ ਦੇ ਸਿਤਾਰੇ ਵੇਚੇਂਗਾ ਜਾਂ ਨਹੀਂ?’’

‘‘ਨਹੀਂ, ਨਹੀਂ, ਨਹੀਂ!’’ ਦੁਕਾਨਦਾਰ ਨੇ ਗਰਜ ਕੇ ਕਿਹਾ। ‘‘ਮੈਂ ਨਹੀਂ ਦੇਵਾਂਗਾ।’’



The mouse replied:
"I'll come in the night
With my soldiers as well
We'll scatter your sequins
Till you've nothing to sell."


"Please don't, brother mouse," pleaded the man. "I will give you sequins of many colours – not only that, but I will sew them on your cap."

"Be quick," said the mouse.


ਸ਼ਰਾਰਤੀ ਚੂਹੇ ਨੇ ਜਵਾਬ ਦਿਤਾ:
''ਰਾਤ ਨੂੰ ਮੈਂ ਆਵਾਂਗਾ।
ਸਿਪਾਹੀ ਵੀ ਨਾਲ ਲਿਆਵਾਂਗਾ।
ਤੇਰੇ ਸਾਰੇ ਸਿਤਾਰੇ ਖਿਲਾਰਾਂਗੇ।
ਤੇਰੇ ਵੇਚਣ ਲਈ ਕੁਝ ਨਹੀਂ ਰਹਿ ਜਾਵੇਗਾ।''

''ਇੰਜ ਨਾ ਕਰੀਂ ਭਰਾ ਚੂਹੇ,'' ਦੁਕਾਨਦਾਰ ਨੇ ਤਰਲੇ ਨਾਲ ਕਿਹਾ।
''ਮੈਂ ਤੈਨੂੰ ਨਾ ਸਿਰਫ਼ ਕਈ ਰੰਗਾਂ ਦੇ ਸੋਨੇ ਚਾਂਦੀ ਦੇ ਸਿਤਾਰੇ ਦਿਆਂਗਾ,
ਸਗੋਂ ਤੇਰੀ ਟੋਪੀ ਤੇ ਸਿਉਂ ਵੀ ਦਿਆਂਗਾ।''

''ਛੇਤੀ ਕਰ,'' ਚੂਹੇ ਨੇ ਕਿਹਾ।



When the cap was ready, Naughty Mouse put it on. He looked at himself in the mirror, and he was so pleased that he leapt about with joy. Then he thought, “I am no less important than a king. Where can I go to show off my beautiful cap?”




ਜਦੋਂ ਟੋਪੀ ਤਿਆਰ ਹੋ ਗਈ ਸ਼ਰਾਰਤੀ ਚੂਹੇ ਨੇ ਇਸ ਨੂੰ ਪਾ ਲਿਆ ਤੇ ਸ਼ੀਸ਼ੇ ਵਿਚੋਂ ਵੇਖਿਆ। ਉਹ ਇਤਨਾ ਖ਼ੁਸ਼ ਸੀ ਕਿ ਖ਼ੁਸ਼ੀ ਨਾਲ ਉੱਛਲ ਰਿਹਾ ਸੀ। ਤਦ ਉਸਨੇ ਸੋਚਿਆ, “ਮੈਂ ਕਿਸੇ ਬਾਦਸ਼ਾਹ ਤੋਂ ਘਟ ਨਹੀਂ। ਹੁਣ ਮੈਂ ਆਪਣੀ ਸੁੰਦਰ ਟੋਪੀ ਵਿਖਾਣ ਲਈ ਕਿਥੇ ਜਾਵਾਂ?”

He remembered the King's palace nearby.

"I shall go there," he said aloud, "and show the King my glittering cap."

In an hour's time he arrived at the palace.



ਉਹਨੂੰ ਯਾਦ ਆਇਆ ਕਿ ਉਥੇ ਨੇੜੇ ਹੀ ਬਾਦਸ਼ਾਹ ਦਾ ਮਹਿਲ ਹੈ।

"ਮੈਂ ਉਥੇ ਜਾਵਾਂਗਾ ਬਾਦਸ਼ਾਹ ਨੂੰ ਆਪਣੀ ਲਿਸ਼ਕਦੀ ਟੋਪੀ ਦਿਖਾਵਾਂਗਾ," ਉਸਨੇ ਉੱਚੀ-ਸਾਰੀ ਕਿਹਾ।

ਇਕ ਘੰਟੇ ਵਿਚ ਉਹ ਮਹਿਲ ਪਹੁੰਚ ਗਿਆ।





He stood before the King. The King was amazed at the strange sight.

"What are you doing standing there in that glittering cap?" he asked.

"First tell me, Your Majesty," replied the mouse, "what do you think of my cap?"

"You look like a prince," said the King.

"In that case," said the mouse, "get off your throne. That is where I should be."

The King laughed. "Run away," he said. "My throne is not for mice. Only a King can sit on a throne."

ਉਹ ਬਾਦਸ਼ਾਹ ਦੇ ਸਾਹਮਣੇ ਜਾ ਕੇ ਖੜੋ ਗਿਆ। ਬਾਦਸ਼ਾਹ ਇਹ ਨਜ਼ਾਰਾ ਵੇਖ ਕੇ ਹੈਰਾਨ ਸੀ।

''ਤੂੰ ਇਹ ਲਿਸ਼ਕਦੀ ਟੋਪੀ ਪਾ ਕੇ ਇਥੇ ਖੜ੍ਹਾ ਕੀ ਕਰ ਰਿਹਾ ਹੈਂ?'' ਉਸ ਨੇ ਪੁੱਛਿਆ।

''ਬਾਦਸ਼ਾਹ ਸਲਾਮਤ, ਪਹਿਲਾਂ ਇਹ ਦੱਸੋ ਮੇਰੀ ਟੋਪੀ ਬਾਰੇ ਤੁਹਾਡਾ ਕੀ ਖ਼ਿਆਲ ਹੈ?'' ਚੂਹੇ ਨੇ ਕਿਹਾ।

''ਤੂੰ ਤਾਂ ਰਾਜਕੁਮਾਰ ਲਗਦਾ ਹੈਂ,'' ਬਾਦਸ਼ਾਹ ਨੇ ਕਿਹਾ।

''ਤਾਂ ਫਿਰ ਆਪਣੇ ਸਿੰਘਾਸਨ ਤੋਂ ਉਤਰ ਜਾਉ,'' ਚੂਹੇ ਨੇ ਕਿਹਾ। ''ਮੈਨੂੰ ਉਥੇ ਬੈਠਣਾ ਚਾਹੀਦਾ ਹੈ।''



ਬਾਦਸ਼ਾਹ ਹੱਸਿਆ। ''ਦੌੜ ਜਾ,'' ਉਸਨੇ ਕਿਹਾ, ''ਮੇਰਾ ਸਿੰਘਾਸਨ ਚੂਹਿਆਂ ਲਈ ਨਹੀਂ ਹੈ। ਸਿੰਘਾਸਨ 'ਤੇ ਸਿਰਫ਼ ਬਾਦਸ਼ਾਹ ਹੀ ਬੈਠ ਸਕਦਾ ਹੈ।''

"So you won't let me sit?" asked the mouse.

"Certainly not," replied the King. "I will not give you my throne."

"You won't get off?" asked the mouse again.



"No, I won't," insisted the King.

Then the mouse said:
"I'll come in the night
With my soldiers as well
We'll bite off your ears
Till you squawk, squeal and yell!!"

''ਤਾਂ ਤੁਸੀਂ ਮੈਨੂੰ ਇਸ 'ਤੇ ਨਹੀਂ ਬੈਠਣ ਦਿਉਗੇ,'' ਚੂਹੇ ਨੇ ਪੁੱਛਿਆ।


''ਬਿਲਕੁਲ ਨਹੀਂ।'' ਬਾਦਸ਼ਾਹ ਨੇ ਉਤਰ ਦਿੱਤਾ। ''ਮੈਂ ਤੈਨੂੰ ਆਪਣਾ ਸਿੰਘਾਸਨ ਨਹੀਂ ਦਿਆਂਗਾ।''


''ਤਾਂ ਤੁਸੀਂ ਸਿੰਘਾਸਨ ਤੋਂ ਨਹੀਂ ਉਤਰੋਗੇ?'' ਚੂਹੇ ਨੇ ਪੁੱਛਿਆ।

''ਨਹੀਂ, ਮੈਂ ਨਹੀਂ ਉਤਰਾਂਗਾ,'' ਬਾਦਸ਼ਾਹ ਨੇ ਜ਼ਿੱਦ ਕੀਤੀ।

ਤਾਂ ਚੂਹੇ ਨੇ ਕਿਹਾ:

''ਰਾਤ ਨੂੰ ਮੈਂ ਆਵਾਂਗਾ।
ਸਿਪਾਹੀ ਵੀ ਨਾਲ ਲਿਆਵਾਂਗਾ।
ਅਸੀਂ ਤੇਰੇ ਕੰਨ ਫਿਰ ਕੁਤਰਾਂਗੇ।
ਤੇਰੀਆਂ ਚੀਕਾਂ ਕਢਾਂਗੇ।''






The King shook with fear.
He said in trembling tones,
"Brother mouse, you are
getting angry for nothing.
I will get off my throne and
you can sit on it as long as
you wish."

ਬਾਦਸ਼ਾਹ ਡਰ ਨਾਲ ਕੰਬ ਗਿਆ। ਉਹਨੇ ਕੰਬਦੀ ਆਵਾਜ਼ ਵਿਚ ਕਿਹਾ, ''ਭਰਾ ਚੂਹੇ, ਤੂੰ ਤਾਂ ਐਵੇਂ ਹੀ ਗੁੱਸੇ ਹੋ ਰਿਹਾ ਹੈਂ। ਮੈਂ ਆਪਣੇ ਸਿੰਘਾਸਨ ਤੋਂ ਉਤਰ ਜਾਵਾਂਗਾ ਤੇ ਤੂੰ ਇਸ ਤੇ ਜਿੰਨੀ ਦੇਰ ਚਾਹੇਂ ਬੈਠ ਸਕਦਾ ਹੈਂ।''








The mouse was very happy. He sat on the King's throne with great pride and rested for a long time. Late that night, Naughty Mouse jumped off the throne and set out happily for home.

ਚੂਹਾ ਬੜਾ ਖੁਸ਼ ਸੀ। ਉਹ ਬਾਦਸ਼ਾਹ ਦੇ ਸਿੰਘਾਸਨ ’ਤੇ ਬੜੇ ਮਾਣ ਨਾਲ ਬੈਠਾ ਅਤੇ ਕਾਫੀ ਦੇਰ ਆਰਾਮ ਕਰਦਾ ਰਿਹਾ। ਉਸ ਰਾਤ ਬੜੀ ਦੇਰ ਬਾਅਦ ਸ਼ਰਾਰਤੀ ਚੂਹਾ ਸਿੰਘਾਸਨ ਤੋਂ ਉਛਲ ਕੇ ਹੇਠਾਂ ਉਤਰਿਆ ਅਤੇ ਖੁਸ਼ੀ-ਖੁਸ਼ੀ ਆਪਣੇ ਘਰ ਵਲ ਤੁਰ ਪਿਆ।




He proudly showed his glittering cap to all his friends. Of course, they wanted to know the whole story as well.



ਉਹਨੇ ਬੜੇ ਮਾਣ ਨਾਲ ਆਪਣੀ ਲਿਸ਼ਕਦੀ ਟੋਪੀ ਆਪਣੇ ਮਿੱਤਰਾਂ ਨੂੰ ਵਿਖਾਈ। ਉਹ ਟੋਪੀ ਦੀ ਸਾਰੀ ਕਹਾਣੀ ਜਾਨਣਾ ਚਾਹੁੰਦੇ ਸਨ।





ਯੰਗ ਸਟੋਰੀਟੈਲਰਜ਼
ਪੁਸਤਕ ਲੜੀ

ਸ਼ਰਾਰਤੀ ਚੂਹਾ

ਕਹਾਣੀਕਾਰ: ਸੁਸ਼ੀਲਾ ਸਟੋਨ
ਚਿਤ੍ਰਕਾਰ : ਅਮਾਂਦਾ ਵੈਲਚ
ਪੰਜਾਬੀ ਰੂਪਾਂਤਰ : ਅਮਰਜੀਤ ਚੰਦਨ

ਪੰਜਾਬੀ ਅਤੇ ਅੰਗਰੇਜ਼ੀ

ISBN 1 85474 081 4

PRICE £3.50